# ਪ੍ਰੈਸ ਨੋਟ

## 3 ਕਿਲੋ 468 ਗ੍ਰਾਮ ਅਫੀਮ ਸਮੇਤ ਬਰੀਜਾ ਕਾਰ ਵਿੱਚ ਸਵਾਰ ਦੋ ਵਿਅਕਤੀ ਕਾਬੂ

ਨਸ਼ਿਆ ਦਾ ਧੰਦਾ ਕਰਨ ਵਾਲੇ ਤਸਕਰਾਂ ਦੇ ਖਿਲਾਫ ਲਗਾਤਾਰ ਵਿੱਢੀ ਮੁਹਿੰਮ ਤਹਿਤ ਡਾ. ਸੰਦੀਪ ਗਰਗ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਸੰਗਰੂਰ ਜੀ ਦੀ ਯੋਗ ਰਹਿਨੁਮਾਈ ਹੇਠ ਸ੍ਰੀ ਮਨਜੀਤ ਸਿੰਘ ਬਰਾੜ ਪੀ.ਪੀ.ਐਸ ਐਸ.ਪੀ ਮਲੇਰਕੋਟਲਾ, ਸ੍ਰੀ ਯੋਗੀਰਾਜ ਪੀ.ਪੀ.ਐਸ ਡੀ.ਐਸ.ਪੀ ਸਬ ਡਵੀਜਨ ਮਲੇਰਕੋਟਲਾ ਅਤੇ ਸ੍ਰੀ ਪਰਮਿੰਦਰ ਸਿੰਘ ਬਰਾੜ ਡੀ.ਐਸ.ਪੀ ਕਾਊਂਟਰ ਇੰਟੈਂਲੀਜੈਂਸ ਸੰਗਰੂਰ ਦੇ ਦਿਸਾ ਨਿਰਦੇਸਾਂ ਹੇਠ ਕੱਲ ਮਿਤੀ 25-3-2019 ਨੂੰ ਇੰਸ: ਲਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ 1 ਮਲੇਰਕੋਟਲਾ, SI ਹਰਪ੍ਰੀਤ ਸਿੰਘ ਇੰਚਾਰਜ ਕਾਊਂਟਰ ਇੰਟੈਲੀਜੈਸ ਵਿੰਗ ਮਲੇਰਕੋਟਲਾ ਅਤੇ ਸਪੈਸਲ ਟਾਸਕ ਫੋਰਸ ਸੰਗਰੂਰ ਦੇ ਮੁਲਾਜਮਾਂ ਵੱਲੋਂ ਇੱਕ ਸਾਂਝਾ ਅਪਰੇਸਨ ਕੀਤਾ ਗਿਆ। ਸਾਂਝੇ ਅਪਰੇਸਨ ਦੋਰਾਨ ਲੋਕ ਸਭਾ ਚੋਣਾ 2019 ਨੂੰ ਮੁੱਖ ਰੱਖਦੇ ਹੋਏ ਨਸਿਆਂ ਨੂੰ ਠੱਲ ਪਾਉਣ ਲਈ ਲਗਾਏ ਸ਼ਪੈਸਲ ਨਾਕੇ ਦੌਰਾਨ ਦੋ ਵਿਅਕਤੀਆਂ ਨੂੰ ਬਰੀਜਾ ਕਾਰ ਸਮੇਤ ਕਾਬੂ ਕਰਕੇ ਉਹਨਾਂ ਦੇ ਕਬਜਾ ਵਿੱਚੋ 03 ਕਿੱਲੋ 468 ਗ੍ਰਾਮ ਅਫੀਮ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਇਸ ਬਾਰੇ ਅੱਗੇ ਜਾਣਕਾਰੀ ਦਿੰਦੇ ਹੋਏ ਸ੍ਰੀ ਮਨਜੀਤ ਸਿੰਘ ਬਰਾੜ ਐਸ.ਪੀ ਮਾਲੇਰਕੋਟਲਾ ਵੱਲੋ ਦੱਸਿਆ ਗਿਆ ਹੈ ਕਿ ਸਬ ਇੰਸ: ਚੈਨ ਸੁੱਖ ਸਿੰਘ ਸਮੇਤ ਥਾਣਾ ਸਿਟੀ 1 ਮਲੇਰਕੋਟਲਾ ਦੀ ਪੁਲਿਸ ਪਾਰਟੀ, ਇੰਟੈਲੀਜੈਸ ਵਿੰਗ ਮਲੇਰਕੋਟਲਾ ਵੱਲੋ ਸਬ: ਇੰਸ: ਹਰਪ੍ਰੀਤ ਸਿੰਘ ਅਤੇ ਸ:ਥ: ਨਾਨਕ ਦਾਸ ਸਮੇਤ ਪਾਰਟੀ ਅਤੇ ਸਪੈਸਲ ਟਾਸਕ ਫੋਰਸ ਯੂਨਿਟ ਸੰਗਰੂਰ ਵੱਲੋ ਹੌਲਦਾਰ ਜਸਵੀਰ ਸਿੰਘ ਸਮੇਤ ਪੁਲਿਸ ਪਾਰਟੀ ਦੇ ਟੀ ਪੁਆਇੰਟ ਕੂਕਿਆ ਵਾਲਾ ਕਲਰ ਮਲੇਰਕੋਟਲਾ ਤੋ ਲੁਧਿਆਣਾ ਰੋਡ ਮੇਨ ਸੜਕ ਪਰ ਨਾਕਾਬੰਦੀ ਕਰਕੇ ਸਪੈਸਲ ਚੈਕਿੰਗ ਕਰ ਰਹੇ ਸਨ ਜਿਥੇ ਸਬ:ਇੰਸ: ਚੈਨ ਸੁੱਖ ਸਿੰਘ ਪਾਸ ਮੁਖਬਰੀ ਹੋਈ ਕਿ ਬੇਅੰਤ ਸਿੰਘ ਪੁੱਤਰ ਸੁੱਚਾ ਸਿੰਘ ਕੌਮ ਮਹਿਰਾ ਅਤੇ ਗੁਰਪ੍ਰੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਦੱਲਣਵਾਲ ਥਾਣਾ ਸਦਰ ਅਹਿਮਦਗੜ ਲਗਾਤਾਰ ਅਫੀਮ ਲਿਆ ਕੇ ਵੇਚਣ ਦੇ ਆਦੀ ਹਨ ਜੋ ਅੱਜ ਕਾਰ ਨੰਬਰ ਪੀ.ਬੀ 10GH 5100 ਮਾਰਕਾ ਬਰੀਜਾ ਵਿਚ ਕਾਫੀ ਮਾਤਰਾ ਵਿਚ ਅਫੀਮ ਲੈ ਕੇ ਘੁੰਮ ਰਹੇ ਹਨ ਸਬ:ਇੰਸ: ਚੈਨ ਸੁੱਖ ਸਿੰਘ ਨੇ ਮੁਖਬਰੀ ਦੇ ਅਧਾਰ ਪਰ ਮੁਕੱਦਮਾ ਨੰ 34 ਮਿਤੀ 25-03-19 ਅ:ਧ 18/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ 1 ਮਾਲੇਰਕੋਟਲਾ ਵਿਚ ਦਰਜ ਕਰਾਇਆ ਮੁਕੱਦਮਾ ਦਰਜ ਹੋਣ ਉਪਰੰਤ ਇੰਸ:ਲਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ 1 ਮਾਲੇਰਕੋਟਲਾ ਅਤੇ ਸ੍ਰੀ ਰਾਜੇਸ ਸਾਨੇਹੀ ਪੀ.ਪੀ.ਐਸ. ਉਪ ਕਪਤਾਨ ਪੁਲਿਸ ਮੇਜਰ ਕਰਾਇਮ ਸੰਗਰੂਰ ਸਮੇਤ ਪੁਲਿਸ ਪਾਰਟੀ ਦੇ ਟੀ ਪੁਆਇੰਟ ਕੂਕਿਆ ਵਾਲਾ ਕਲਰ ਮਲੇਰਕੋਟਲਾ ਤੋਂ ਲੁਧਿਆਣਾ ਰੋਡ ਮੇਨ ਸੜਕ ਪਰ ਪੁੱਜੇ ਅਤੇ ਤੁਰੰਤ ਨਾਕਾਬੰਦੀ ਕਰਕੇ ਚੈਕਿੰਗ ਸੁਰੂ ਕੀਤੀ ਚੈਕਿੰਗ ਦੌਰਾਨ ਥੋੜੇ ਸਮੇ ਬਾਅਦ ਬੇਅੰਤ ਸਿੰਘ ਪੁੱਤਰ ਸੁੱਚਾ ਸਿੰਘ ਕੌਮ ਮਹਿਰਾ ਅਤੇ ਗੁਰਪ੍ਰੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਦੱਲਣਵਾਲ ਥਾਣਾ ਸਦਰ ਅਹਿਮਦਗੜ ਕਾਰ ਨੰਬਰ ਪੀ.ਬੀ 10 GH 5100 ਮਾਰਕਾ ਬਰੀਜਾ ਵਿਚ ਖੰਨਾ ਸਾਈਡ ਵੱਲੋ ਆਏ। ਇੰਸ: ਲਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ-1 ਮਲੇਰਕੋਟਲਾ ਨੇ ਮੌਕਾ ਪਰ ਹਾਜਰ ਪੁਲਿਸ ਪਾਰਟੀ ਦੇ ਨਾਲ ਕਾਰ ਨੂੰ ਰੋਕਿਆ ਅਤੇ ਬੇਅੰਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੂੰ ਕਾਬੂ ਕਰਕੇ ਵਾਰੀ ਵਾਰੀ ਤਲਾਸੀ ਕੀਤੀ ਤਾਂ ਤਲਾਸੀ ਕਰਨ ਪਰ ਬੇਅੰਤ ਸਿੰਘ ਕੋਲੋ ਇੱਕ ਕੱਪੜੇ ਵਿੱਚ ਪਾ ਕੇ ਲੱਕ ਦੇ ਆਲੇ ਦੁਆਲੇ ਬੰਨੀ ਹੋਈ 3 ਕਿੱਲੋ ਅਫੀਮ ਅਤੇ ਦੂਸਰੇ ਦੋਸੀ ਗੁਰਪ੍ਰੀਤ ਸਿੰਘ ਜੋ ਕਾਰ ਨੂੰ ਚਲਾ ਰਿਹਾ ਸੀ ਉਸਦੇ ਵੀ ਲੱਕ ਦੇ ਆਲੇ ਦੁਆਲੇ

ਕੱਪੜੇ ਵਿਚ ਪਾ ਕੇ ਲਪੇਟੀ ਹੋਈ 468 ਗ੍ਰਾਮ ਅਫੀਮ ਬਰਾਮਦ ਹੋਈ ਹੈ ਬੇਅੰਤ ਸਿੰਘ ਅਤੇ ਗੁਰਪ੍ਰੀਤ ਸਿੰਘ ਉਕਤ ਵੱਲੋ ਸਖਤੀ ਨਾਲ ਪੁੱਛਗਿਛ ਕੀਤੀ ਗਈ ਹੈ ਪੁੱਛਗਿਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਬੇਅੰਤ ਸਿੰਘ ਵੱਲੋ ਉੱਤਰ ਪ੍ਰਦੇਸ ਵਿਚ ਜਮੀਨ ਲਈ ਹੋਈ ਹੈ ਜਿਥੇ ਇਹ ਖੁਦ ਖੇਤੀ ਕਰਦਾ ਹੈ ਯੂ.ਪੀ ਵਿੱਚ ਬੇਅੰਤ ਸਿੰਘ ਦੇ ਵੱਡੇ ਸਮਗਲਰਾ ਨਾਲ ਕਾਫੀ ਮੇਲ ਮਿਲਾਪ ਸਾਹਮਣੇ ਆਏ ਹਨ ਜਿਸ ਬਾਰੇ ਪਤਾ ਲੱਗਾ ਹੈ ਕਿ ਇਹ ਕਾਫੀ ਸਮੇ ਤੋ ਲੁਕ ਛਿਪ ਕੇ ਯੁ.ਪੀ ਵਿਚੋ ਅਫੀਮ ਲਿਆ ਕੇ ਪਿੰਡਾ ਵਿੱਚ ਸਪਲਾਈ ਕਰਦਾ ਹੈ ਅਤੇ ਦੂਸਰਾ ਦੋਸੀ ਗੁਰਪ੍ਰੀਤ ਸਿੰਘ ਇਸ ਦੇ ਨਾਲ ਅਫੀਮ ਦੀ ਸਮਗਲਿੰਗ ਕਰਨ ਵਿਚ ਮੱਦਦ ਕਰਦਾ ਹੈ। ਦੋਵੇਂ ਦੋਸੀਆ ਨੂੰ ਪੇਸ ਅਦਾਲਤ ਕਰਕੇ ਵੱਧ ਤੋ ਵੱਧ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਸਮਗਲਰਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾਵੇਗੀ ਅਤੇ ਨਸ਼ੇ ਦੀ ਸਪਲਾਈ ਲਾਇਨ ਤੋੜਨ ਦੀ ਕੋਸ਼ਿਸ਼ ਕੀਤੀ ਜਾਵੇਗੀ।